بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 25.10.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਇਹ ਫ਼ਰਮਾਨ ਸਾਨੂੰ ਹਿਲਾ ਦੇਣ ਵਾਲਾ ਹੋਣਾ ਚਾਹੀਦਾ ਹੈ ਕਿ ਮੋਮਿਨ ਉਹ ਹੈ ਜੋ ਨਮਾਜ਼ਾਂ ਵਿੱਚ ਥਕਾਇਦਾ ਹੈ ਵਰਨਾ ਉਸ ਵਿੱਚ ਅਤੇ ਇਕ ਕਾਫ਼ਰ ਵਿੱਚ ਕੋਈ ਅੰਤਰ ਨਹੀਂ ਹੈ, ਜੇਕਰ ਅਸੀਂ ਮਸਜਿਦਾਂ ਬਣਾਈਆਂ ਹਨ ਤਾਂ ਮਸਜਿਦਾਂ ਦੇ ਹੱਕ ਪੂਰੇ ਕਰਨ ਦੀ ਵੀ ਲੋੜ ਹੈ, ਆਪਣੀਆਂ ਇਬਾਦਤਾਂ ਦੇ ਮਿਆਰ ਬੁਲੰਦ ਕਰਨ ਦੀ ਵੀ ਲੋੜ ਹੈ, ਆਪ ਨੇਕੀਆਂ ਕਰਨ ਅਤੇ ਆਪਣੇ ਆਚਰਣ ਬੁਲੰਦ ਕਰਨ ਅਤੇ ਦੂਜਿਆਂ ਨੂੰ ਨੇਕੀਆਂ ਕਰਨ ਦੀ ਤਲਕੀਨ ਕਰਨ ਦੀ ਲੋੜ ਹੈ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 25 ਅਕਤੂਬਰ 2019 ਈ. ਨੂੰ ਮਹਦੀ ਆਬਾਦ, ਜਰਮਨੀ ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਕੁਰਆਨ ਕਰੀਮ ਦੀ ਆਇਤ :

اَلَّذِیۡنَ اِنۡ مَّکَّنّٰہُمۡ فِی الۡاَرۡضِ اَقَامُوا الصَّلٰوۃَ وَ اٰتَوُا الزَّکٰوۃَ وَ اَمَرُوۡا بِالۡمَعۡرُوۡفِ وَ نَہَوۡا عَنِ الۡمُنۡکَرِ ؕ وَ لِلّٰہِ عَاقِبَۃُ الۡاُمُوۡرِ (سورۃ الحج:42)

ਦੀ ਤਲਾਵਤ ਫ਼ਰਮਾਈ । ਹਜ਼ੂਰ ਅਨਵਰ ਨੇ ਫ਼ਰਮਾਇਆ ਅਰਥਾਤ ਉਹ ਲੋਕ ਹਨ ਕਿ ਜੇਕਰ ਅਸੀਂ ਉਹਨਾ ਨੂੰ ਦੁਨੀਆ ਵਿੱਚ ਬਲ ਬਖ਼ਸ਼ੀਏ ਤਾਂ ਉਹ ਨਮਾਜ਼ਾਂ ਨੂੰ ਕਾਇਮ ਕਰਨਗੇ ਅਤੇ ਜ਼ਕਾਤ ਦੇਣਗੇ ਅਤੇ ਨੇਕ ਗਲੱਾਂ ਦੇ ਨਿਰਦੇਸ਼ ਦੇਣਗੇ ਅਤੇ ਬੁਰਾਈ ਦੀਆਂ ਗਲੱਾਂ ਤੋਂ ਰੋਕਣਗੇ ਅਤੇ ਸਾਰਿਆਂ ਕੰਮਾ ਦਾ ਅੰਜਾਮ ਰੱਬ ਦੇ ਹੱਥ ਵਿੱਚ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ । ਇਸ ਆਇਤ ਵਿੱਚ ਰੱਬ ਨੇ ਮੋਮਿਨਾਂ ਨੂੰ ਇਸ ਪਾਸੇ ਧਿਆਨ ਦੁਆਇਆ ਹੈ ਕਿ ਹਕੀਕੀ ਮੋਮਿਨ ਉਹ ਹਨ ਜੋ ਤਾਕਤ ਮਿਲਣ ਦੀ ਅਵਸਥਾ ਵਿੱਚ ਨਮਾਜ਼ ਕਾਇਮ ਕਰਨ ਵਾਲੇ ਹੁੰਦੇ ਹਨ, ਆਪਣੀਆਂ ਮਸਜਿਦਾਂ ਨੂੰ ਵਸਾਉਣ ਵਾਲੇ ਹੁੰਦੇ ਹਨ, ਮਾਨਵਤਾ ਦੀ ਸੇਵਾ ਕਰਨ ਵਾਲੇ ਹੁੰਦੇ ਹਨ । ਰੱਬ ਦਾ ਖ਼ੌਫ਼ ਰੱਖਦਿਆਂ ਹੋਇਆਂ ਗ਼ਰੀਬਾਂ ਤੇ ਮਿਸਕੀਨਾ ਲਈ ਆਪਣੇ ਧਨ ਮਾਲ ਵਿੱਚੋਂ ਖਰਚ ਕਰਨ ਵਾਲੇ ਹੁੰਦੇ ਹਨ । ਧਰਮ ਦੇ ਪ੍ਰਕਾਸ਼ਨ ਲਈ ਕੁਰਬਾਨੀਆਂ ਕਰਨ ਵਾਲੇ ਹੁੰਦੇ ਹਨ । ਨੇਕ ਗਲੱਾਂ ਵੱਲ ਆਪ ਵੀ ਧਿਆਨ ਦਿੰਦੇ ਹਨ ਅਤੇ ਦੂਜਿਆਂ ਨੂੰ ਵੀ ਧਿਆਨ ਦੁਆਉਂਦੇ ਹਨ । ਬੁਰਾਈਆਂ ਤੋਂ ਆਪ ਵੀ ਰੁਕਦੇ ਹਨ ਅਤੇ ਹੋਰਨਾ ਵੀ ਰੋਕਦੇ ਹੰਨ, ਕਿਉਂਕਿ ਇਹ

ਸਾਰੇ ਕੰਮ ਰੱਬ ਦਾ ਖ਼ੌਫ਼ ਰੱਖਦਿਆਂ ਹੋਇਆਂ ਕਰਦੇ ਹਨ, ਇਸ ਲਈ ਰੱਬ ਵੀ ਉਹਨਾ ਦੇ ਕੰਮਾ ਦੇ ਚੰਗੇ ਸਿੱਟੇ ਪੈਦਾ ਕਰਦਾ ਹੈ ਕਿਉਂਕਿ ਹਰ ਚੀਜ਼ ਦਾ ਫ਼ੈਸਲਾ ਰੱਬ ਨੇ ਹੀ ਕਰਨਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਆਪ ਨੇ ਇੱਥੇ ਮਹਦੀ ਆਬਾਦ ਵਿੱਚ ਮਸਜਿਦ ਬਣਾਈ ਹੈ । ਇਸਦਾ ਉਦਘਾਟਨ ਹੋਇਆ ਹੈ । ਜਮਾਤ ਜਰਮਨੀ ਸੌ ਮਸਜਿਦਾਂ ਦੇ ਟਾਰਗਟ ਹੇਠ ਰੱਬ ਦੀ ਮਿਹਰ ਨਾਲ ਮਸਜਿਦਾਂ ਬਨਾਉਣ ਦਾ ਸੰਜੋਗ ਪ੍ਰਾਪਤ ਕਰ ਰਹੀ ਹੈ । ਸੋ ਹਰ ਅਹਮਦੀ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਇਹਨਾ ਦਾ ਉਦੇਸ਼ ਮਸਜਿਦਾਂ ਬਨਾਉਣ ਨਾਲ ਪੂਰਾ ਨਹੀਂ ਹੋਵੇਗਾ ਸਗੋਂ ਉਸ ਸਮੇਂ ਪੂਰਾ ਹੋਵੇਗਾ ਜੱਦ ਉਹ ਖ਼ਾਲਸ ਹੋਕੇ ਰੱਬ ਦੀ ਇਬਾਦਤ ਵੱਲ ਧਿਆਨ ਦੇਣਗੇ ਅਤੇ ਆਪਣੀਆਂ ਨਮਾਜ਼ਾਂ ਨੂੰ ਕਾਇਮ ਕਰਨਗੇ । ਜਮਾਤ ਨਾਲ ਨਮਾਜ਼ਾਂ ਲਈ ਮਸਜਿਦ ਵਿੱਚ ਆਉਣਗੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਮੁਤੱਕੀ (ਸੰਜਮੀ) ਦੀ ਵਿਆਖਿਆ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ :

ਉਹ 'ਯੁਕੀਮੁ ਨਸੱਲਾਤਾ' ਕਰਨ ਵਾਲੇ ਹਨ ਅਰਥਾਤ ਉਹ ਨਮਾਜ਼ ਖੜ੍ਹੀ ਕਰਦੇ ਹਨ । ਮੁਤੱਕੀ ਰੱਬ ਤੋਂ ਡਰਦਾ ਹੈ ਅਤੇ ਉਹ ਨਮਾਜ਼ ਕਾਇਮ ਕਰਦਾ ਹੈ ਅਜਿਹੀ ਅਵਸਥਾ ਵਿੱਚ ਭਿੰਨ ਭਿੰਨ ਪ੍ਰਕਾਰ ਦੇ ਵਸਵਸੇ ਅਤੇ ਖ਼ਤਰੇ ਵੀ ਹੁੰਦੇ ਹਨ ਜੋ ਪੈਦਾ ਹੋਕੇ ਉਸਦੀ ਹਜ਼ੂਰੀ ਵਿੱਚ ਰੋਕ ਹੁੰਦੇ ਹਨ । ਫ਼ਰਮਾਇਆ ਇਕ ਮੁਤੱਕੀ (ਸੰਜਮੀ) ਆਪਣੇ ਆਪੇ ਦੀ ਇਸ ਖਿੱਚ ਧੂਹ ਵਿੱਚ ਵੀ ਨਮਾਜ਼ ਨੂੰ ਖੜ੍ਹਾ ਕਰਦਾ ਹੈ, ਉਹ ਕਸ਼ਟ ਤੇ ਜਤਨਾ ਨਾਲ ਵਾਰ ਵਾਰ ਇਸਨੂੰ ਖੜ੍ਹਾ ਕਰਦਾ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਜੇਕਰ ਇਕਸਾਰਤਾ ਨਾਲ ਨਾਮਜ਼'ਤੇ ਕਾਇਮ ਰਹੇ ਅਤੇ ਇਸ ਗੱਲ ਦਾ ਜਤਨ ਕਰਦਾ ਰਹੇ ਕਿ ਮੈਂ ਆਪਣੀ ਨਮਾਜ਼ ਦੇ ਉਤੱਮ ਮਿਆਰ ਹਾਸਲ ਕਰਨੇ ਹਨ ਤਾਂ ਫਿਰ ਇਕ ਅਜਿਹਾ ਸਮਾਂ ਆਉਂਦਾ ਹੈ ਕਿ ਰੱਬ ਆਪਣੇ ਕਲਾਮ ਰਾਹੀਂ ਹਿਦਾਇਤ ਪ੍ਰਦਾਨ ਕਰ ਦਿੰਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਜਿਵੇਂ ਭੌਤਕ ਗ਼ਜ਼ਾ ਤੋਂ ਬਿਨਾ ਜੀਵਨ ਨਹੀਂ ਰਹਿੰਦਾ ਉਸੇ ਪ੍ਰਕਾਰ ਨਮਾਜ਼ ਦੇ ਬਿਨਾ ਵੀ ਜੀਵਨ ਨਹੀਂ ਰਹਿੰਦਾ । ਇਹ ਅਜਿਹੀ ਗ਼ਜ਼ਾ ਹੈ ਕਿ ਇਸ ਦਾ ਵੀ ਮਜ਼ਾ ਆਉਂਦਾ ਹੈ । ਨਮਾਜ਼ ਵਿੱਚ ਉਸ ਨੂੰ ਆਨੰਦ ਤੇ ਸੁਆਦ ਪ੍ਰਦਾਨ ਕੀਤਾ ਜਾਂਦਾ ਹੈ ਜਿਵੇਂ ਅਤਿਅੰਤ ਪਿਆਸੇ ਨੂੰ ਠੰਡਾ ਪਾਣੀ ਪੀਣ ਨਾਲ ਹਾਸਲ ਹੁੰਦਾ ਹੈ ਕਿਉਂਕਿ ਉਹ ਅਤਿਅੰਤ ਰਗ਼ਬਤ ਨਾਲ ਉਸਨੂੰ ਪੀਂਦਾ ਹੈ ਅਤੇ ਰਜੱਕੇ ਪੀਂਦਾ ਹੈ ਤੇ ਉਸ ਆਨੰਦ ਨੂੰ ਮਾਣਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਸੰਜਮੀ ਮੋਮਿਨ ਨਮਾਜ਼ ਵਿੱਚ ਆਨੰਦ ਪ੍ਰਾਪਤ ਕਰਦਾ ਹੈ ਇਸ ਲਈ ਨਮਾਜ਼ ਬਹੁਤ ਹੀ ਸੁਆਰਕੇ ਪੜ੍ਹਨੀ ਚਾਹੀਦੀ ਹੈ । ਫ਼ਰਮਾਇਆ ਨਮਾਜ਼ ਸਾਰੀਆਂ ਤਰੱਕੀਆਂ ਦੀ ਜੜ੍ਹ ਅਤੇ ਪੌੜੀ ਹੈ । ਇਸੇ ਲਈ ਕਿਹਾ ਗਿਆ ਹੈ ਕਿ ਨਮਾਜ਼ ਮੋਮਿਨ ਦਾ ਮਿਅਰਾਜ ਹੈ ਅਤੇ ਇਸ ਰਾਹੀਂ ਰੱਬ ਤੱਕ ਪਹੁੰਚਿਆ ਜਾ ਸਕਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਜੇਕਰ ਸਾਡੀਆਂ ਮਸਜਿਦਾਂ ਬਣਨ ਤਾਂ ਅਜਿਹੀਆਂ ਨਮਾਜ਼ਾਂ ਪੜ੍ਹਨ ਲਈ ਬਣਨ । ਅਸੀਂ ਮਸਜਿਦਾਂ ਬਨਾਉਣ ਵੱਲ ਧਿਆਨ ਦੇਈਏ ਤਾਂ ਇਸ ਮਿਅਰਾਜ ਨੂੰ ਹਾਸਲ ਕਰਨ ਲਈ ਜੋ ਰੱਬ ਤੱਕ ਲੈ ਜਾਂਦਾ ਹੈ ਅਤੇ ਰੱਬ ਨਾਲ ਗਲੱਾਂ ਕਰਨ ਦਾ ਮੌਕਾ ਮਿਲਦਾ ਹੈ । ਸੋ, ਨਿਰਾਸ਼ ਨਹੀਂ ਹੋਣਾ ਚਾਹੀਦਾ ਕਿ ਇਹ ਮੁਕਾਮ (ਅਸਥਾਨ) ਕਿਵੇਂ ਹਾਸਲ ਹੋਵੇ । ਨਿਰੰਤਰ ਜਤਨ ਨਾਲ ਇਹ ਮੁਕਾਮ ਰੱਬ ਦਿੰਦਾ ਹੈ । ਬਹੁਤ ਲੋਕ ਪ੍ਰਸ਼ਨ ਕਰਦੇ ਹਨ ਮੈਨੂੰ ਵੀ ਲਿਖੱਦੇ ਹਨ ਕਿ ਨਮਾਜ਼ ਵਿੱਚ ਧਿਆਨ ਕਾਇਮ ਨਹੀਂ ਰਹਿੰਦਾ ਫਿਰ ਇਹੋ ਇਸਦਾ ਇਲਾਜ ਹੈ ਕਿ ਜਤਨ ਕਰਕੇ ਵਾਰ ਵਾਰ ਧਿਆਨ ਨੂੰ ਕਾਇਮ ਰੱਖਿਆ ਜਾਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਹ ਵੀ ਰੱਬ ਦੀ ਮਿਹਰ, ਫਜ਼ਲ ਤੇ ਉਪਕਾਰ ਹੈ ਕਿ ਮਨੁੱਖ ਅਜਿਹੇ ਵਸਵਸਿਆਂ ਦੇ ਕਾਬੂ

ਨਹੀਂ ਹੁੰਦਾ । ਜੱਦ ਅਜਿਹੀ ਹਾਲਤ ਹੋਕੇ ਮਨੁੱਖ ਇਹਨਾ ਵਸਵਸਿਆਂ ਨੂੰ ਆਪਣੇ ਉਪੱਰ ਕਾਬੂ ਨ ਆਉਣ ਦੇਵੇ ਤਾਂ ਇਹ ਵੀ ਪੁੰਨ ਦੀ ਹਾਲਤ ਹੈ, ਰੱਬ ਇਸਦਾ ਵੀ ਪੁੰਨ ਦਿੰਦਾ ਹੈ । ਫ਼ਰਮਾਇਆ ਕਿ ਨਫ਼ਸੇ ਅਮੱਾਰਾ (ਪਸ਼ੂ ਬਿਰਤੀ, ਅਰਥਾਤ ਅਜਿਹੀ ਬਿਰਤੀ (ਸੋਚ) ਜੋ ਮਨੁੱਖ ਨੂੰ ਬੁਰਾਈ ਵੱਲ ਧੂਹੇ) ਵਾਲੇ ਨੂੰ ਤਾਂ ਖ਼ਬਰ ਹੀ ਨਹੀਂ ਹੁੰਦੀ ਕਿ ਬਦੀ ਕੀ ਚੀਜ਼ ਹੈ । ਫਿਰ ਨਫ਼ਸੇ ਲਵੱਾਮਾ (ਮਨੁੱਖ ਬਿਰਤੀ, ਅਰਥਾਤ ਗ਼ਲਤੀ ਹੋਣ ਮਗਰੋਂ ਪਛਤਾਵਾ ਕਰਨ ਵਾਲਾ) ਹੈ ਜੋ ਬਦੀ ਕਰਦਾ ਹੈ ਪਰ ਬਦੀ ’ਤੇ ਹਮੇਸ਼ਾ ਘਬਰਾਉਂਦਾ ਹੈ ਅਤੇ ਸ਼ਰਮਿੰਦਿਆਂ ਹੁੰਦਾ ਹੈ, ਸੋ, ਇਹ ਨਫ਼ਸੇ ਲਵੱਾਮਾ ਦੀ ਹਾਲਤ ਹੈ ਇਸ ਵਿੱਚ ਜੱਦ ਬਦੀ’ਤੇ ਸ਼ਰਮਿੰਦਿਆਂ ਹੋਵੇ ਤਾਂ ਉਸ ਦਾ ਵੀ ਪੁੰਨ੍ਹ ਦੇ ਦਿੰਦਾ ਹੈ । ਅਜਿਹਾ ਵਿਅਕਤੀ ਨਫ਼ਸ ਦਾ ਗ਼ੁਲਾਮ ਨਹੀਂ ਹੈ । ਫ਼ਰਮਾਰਇਆ ਕਿ ਮਨੁੱਖ ਨੂੰ ਚਾਹੀਦਾ ਹੈ ਕਿ ਥੱਕ ਨ ਜਾਵੇ । ਸਜੱਦੇ ਵਿੱਚ ‘ਯਾ ਹੱਯੁ ਯਾ ਕਯੁੱਮੂ ਬਿ ਰਹਮਤਿਕਾ ਨਸਤਗ਼ੀਸ’ ਬਹੁਤ ਪੜ੍ਹਿਆ ਕਰੋ । ਪਰ ਚੇਤੇ ਰੱਖੋ ਕਿ ਕਾਹਲੀ ਖ਼ੌਫ਼ਨਾਕ ਹੈ । ਵਰ੍ਹਿਆਂ ਦੀ ਮਿਹਨਤ ਤੇ ਕਰੜੀ ਮੁਸ਼ਕੱਤ ਦੇ ਬਾਦ ਅਖ਼ੀਰ ਸ਼ੈਤਾਨ ਦੇ ਹਮਲੇ ਕਮਜ਼ੋਰ ਹੋ ਜਾਂਦੇ ਹਨ ਤੇ ਉਹ ਭੱਜ ਜਾਂਦਾ ਹੈ । ਪਰ ਜੇਕਰ ਕਾਹਲੀ ਦਿਖਾਈ, ਨਮਾਜ਼ ਕਾਇਮ ਕਰਨ ਲਈ ਭਰਪੂਰ ਜਤਨ ਨਹੀਂ ਕੀਤਾ ਗਿਆ ਤਾਂ ਫਿਰ ਮਨੁੱਖ ਸ਼ੈਤਾਨ ਦੇ ਪੰਜੇ ਵਿੱਚ ਆ ਜਾਂਦਾ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਗੱਲ ਚੇਤੇ ਰਖੱਣੀ ਚਾਹੀਦੀ ਹੈ ਕਿ ਕੇਵਲ ਦੁਨੀਆ ਹੀ ਦੁਨੀਆ ਜੇਕਰ ਮਨੁੱਖ ਮੰਗਦਾ ਰਹੇ ਤਾਂ ਫਿਰ ਕੇਵਲ ਅਜਿਹੀਆਂ ਦੁਆਵਾਂ ਰੱਬ ਕੁਬੂਲ ਨਹੀਂ ਕਰਦਾ । ਹਾਂ, ਰੱਬ ਤੋਂ ਆਪਣੀ ਰੂਹਾਨੀ ਤਰੱਕੀ ਅਤੇ ਦੀਨੀ (ਧਾਰਮਕ) ਤਰੱਕੀ ਮੰਗੀ ਜਾਵੇ, ਰੱਬ ਦੀ ਨੇੜਤਾ ਮੰਗੀ ਜਾਵੇ ਤਾਂ ਰੱਬ ਫਿਰ ਨੇੜੇ ਆ ਜਾਂਦਾ ਹੈ ਅਤੇ ਫਿਰ ਉਸ ਵਿਅਕਤੀ ਦੀਆਂ ਸੰਸਾਰਕ ਲੋੜਾਂ ਵੀ ਪੂਰੀਆਂ ਕਰ ਦਿੰਦਾ ਹੈ। ਹਜ਼ਰਤ ਅਕਦਸ ਮਸੀਹ ਮਊਦ ਅਲੈਹਿ ਸਲਾਮ ਇਸ ਵਿਸ਼ੇ ਨੂੰ ਬਿਆਨ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ :

ਨਮਾਜ਼ਾਂ ਵਿੱਚ ਆਪਣੀ ਬੋਲੀ ਵਿੱਚ ਵੀ ਦੁਆਵਾਂ ਮੰਗਿਆ ਕਰੋ । ਰੱਬ ਦਾ ਹੁਕਮ ਹੈ ਕਿ ਨਮਾਜ਼ ਉਹ ਹੈ ਜਿਸ ਵਿੱਚ ਤਜ਼ਰੁੱਅ (ਤੜਪ, ਮਿੰਨਤਾਂ ਕਰਨੀਆਂ, ਗਿੜਗੜਾਉਂਣਾ, ਤਰਲੇ ਲੈਂਣੇ ਆਦਿ) ਹੋਵੇ ਅਤੇ ਮਨ ਦੀ ਡੂੰਘਿਆਈ ਨਾਲ ਦੁਆ ਮੰਗੇ । ਅਜਿਹੇ ਹੀ ਲੋਕਾਂ ਦੇ ਪਾਪ ਦੂਰ ਹੁੰਦੇ ਹਨ ਜਿੰਨ੍ਹਾ ਵਿੱਚ ਤਜ਼ਰੁੱਅ ਹੁੰਦੀ ਹੈ, ਜਿਵੇਂ ਕਿ ਫ਼ਰਮਾਇਆ ان الحسنات یذھبن السیئات۔ (ਇਨੱਲ ਹਸਨਾਤਿ ਯਜ਼ਹਿ ਬਨੱਸੱਯਿਆਤਿ) ਅਰਥਾਤ ਨੇਕੀਆਂ ਬਦੀਆਂ ਨੂੰ ਦੂਰ ਕਰਦੀਆਂ ਹਨ । ਇੱਥੇ ‘ਹਸਨਾਤ’ ਦੇ ਅਰਥ ਨਮਾਜ਼ ਦੇ ਹਨ ਅਤੇ ਹਜ਼ੂਰੀ ਤੇ ਤਜ਼ਰੁੱਅ (ਗਿੜਗੜਾਉਂਣਾ) ਆਪਣੀ ਬੋਲੀ ਵਿੱਚ ਦੁਆ ਮੰਗਣ ਨਾਲ ਹਾਸਲ ਹੁੰਦਾ ਹੈ । ਆਪ ਫਿਰ ਫ਼ਰਮਾਉਂਦੇ ਹਨ ਕਿ ਚੰਗੀ ਦੁਆ ਫ਼ਾਤਿਹਾ ਹੈ ਕਿਉਂਕਿ ਉਹ ਸੰਪੂਰਨ ਦੁਆ ਹੈ । ਸੂਰਤ ਫ਼ਾਤਿਹਾ ਵਿੱਚ ਰੱਬ ਨੇ ਸਾਨੂੰ ਇਹ ਦੁਆ ਸਿਖਾਈ ਹੈ

اِھۡدِنَا الصِّرَاطَ الۡمُسۡتَقِیۡمَ۔

ਤੁਸੀਂ ਰੱਬ ਨੂੰ ਮਿਲਣ ਲਈ ਸਿਰਾਤਿ ਮੁਸਤਕੀਮ ਦੀ ਭਾਲ ਕਰੋ ਅਤੇ ਦੁਆ ਕਰੋ ਕਿ ਹੇ, ਰੱਬ ਜੀਓ ! ਮੈਂ ਤੇਰਾ ਪਾਪੀ ਬੰਦਾ ਹਾਂ ਅਤੇ ਨਕਾਰਾ ਹਾਂ, ਮੇਰਾ ਮਾਰਗ ਦਰਸ਼ਨ ਕਰ । ਨਿੱਕੀਆਂ ਤੇ ਵੱਡੀਆਂ ਸਾਰੀਆਂ ਹਾਜਤਾਂ ਬਿਨਾ ਕਿਸੇ ਸ਼ਰਮ ਦੇ ਰੱਬ ਤੋਂ ਮੰਗੋ ਕਿ ਅਸਲ ਬਖ਼ਸ਼ਣਹਾਰ ਉਹੋ ਹੈ । ਬਹੁਤ ਨੇਕ ਉਹੋ ਹੈ ਜੋ ਬਹੁਤ ਦੁਆ ਕਰਦਾ ਹੈ ਕਿਉਂਕਿ ਜੇਕਰ ਕਿਸੇ ਬਖ਼ੀਲ ਦੇ ਦਰ’ਤੇ ਵੀ ਪ੍ਰਤੀਦਿਨ ਜਾਕੇ ਸਵਾਲ ਕਰੇਗਾ ਤਾਂ ਅਖ਼ੀਰ ਇਕ ਦਿਨ ਉਸ ਨੂੰ ਸ਼ਰਮ ਆ ਜਾਵੇਗੀ । ਫਿਰ ਰੱਬ ਤੋਂ ਮੰਗਣ ਵਾਲਾ ਕਿਉਂ ਨਾ ਪਾਵੇ । ਸੋ, ਮੰਗਣ ਵਾਲਾ ਕਦੇ ਨ ਕਦੇ ਜ਼ਰੂਰ ਪਾ ਹੀ ਲੈਂਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਚੇਤੇ ਰੱਖੋ ਕਿ ਬੈਅਤ ਸਮੇਂ ਤੌਬਾ ਦੇ ਇਕਰਾਰ ਵਿੱਚ ਇਕ ਬਰਕਤ ਪੈਦਾ ਹੁੰਦੀ ਹੈ ਜੇਕਰ ਉਸਦੇ ਨਾਲ ਦੀਨ (ਧਰਮ) ਨੂੰ ਦੁਨੀਆ ਉਪੱਰ ਪਹਿਲ ਦੇਣ ਦੀ ਸ਼ਰਤ ਲਾ ਲਏ ਤਾਂ ਤਰੱਕੀ ਹੁੰਦੀ ਹੈ । ਪਰ ਇਕ ਪਹਿਲ ਦੇਣਾ ਤੁਹਾਡੇ ਅਖ਼ਤਿਆਰ ਵਿੱਚ ਨਹੀਂ ਸਗੋਂ ਇਲਾਹੀ ਮਦਦ ਦੀ ਕਰੜੀ ਲੋੜ ਹੈ, ਜਿਵੇਂ ਰੱਬ ਨੇ ਫ਼ਰਮਾਇਆ ਹੈ ਕਿ

وَالَّذِيْنَ جَاهَدُوْا فِيْنَا لَنَهْدِيَنَّهُمْ سُبُلَنَا

ਕਿ ਜੋ ਲੋਕ ਸਾਡੇ ਮਾਰਗ ਵਿੱਚ ਜਤਨ ਕਰਦੇ ਹਨ ਅਖ਼ੀਰ ਸੁਮਾਰਗ ’ਤੇ ਪਹੁੰਚ ਜਾਂਦੇ ਹਨ । ਇਲਾਹੀ ਮਦਦ ਦੇ ਬਿਨਾ ਤਬਦੀਲੀ ਅਸੰਭਵ ਹੈ । ਉਸ ਦੀ ਮਦਦ ਮੰਗਣ ਲਈ ਉਸਦੀ ਮਿਹਰ ਮੰਗਣ ਲਈ ਦੁਆ ਤਾਂ ਬਹਿਰਹਾਲ ਕਰਨੀ ਪਏਗੀ । ਇਸੇ ਲਈ ਪੰਜੇ ਵੇਲੇ ਨਮਾਜ਼ ਵਿੱਚ ਸੂਰਤ ਫ਼ਾਤਿਹਾ ਪੜ੍ਹਨ ਦਾ ਹੁਕਮ ਦਿਤੱਾ । ਜਿਸ ਵਿੱਚ اياك نعبد اور اياك نستعين (ਇਯੱਕਾ ਨਅਬੁਦੁ ਅਤੇ ਇਯੱਾਕਾ ਨਸਤਾਈਨ) ਅਰਥਾਤ ਇਬਾਦਤ ਵੀ ਤੇਰੀ ਕਰਦੇ ਹਾਂ ਅਤੇ ਮਦਦ ਵੀ ਤੇਰੇ ਕੋਲੋਂ ਮੰਗਦੇ ਹਾਂ । ਇਸ ਵਿੱਚ ਦੋ ਗਲੱਾਂ ਵੱਲ ਸੰਕੇਤ ਹੈ । ਅਰਥਾਤ ਹਰ ਇਕ ਨੇਕ ਕੰਮ ਵਿੱਚ ਤਦਬੀਰ ਤੇ ਸੰਘਰਸ਼ ਨਾਲ ਕੰਮ ਲਓ ਕਿਉਂਕਿ ਜੋ ਵਿਅਕਤੀ ਨਿਰੀ ਦੁਆ ਕਰਦਾ ਹੈ ਅਤੇ ਸੰਘਰਸ਼ ਨਹੀਂ ਕਰਦਾ ਉਹ ਸਫ਼ਲ ਨਹੀਂ ਹੁੰਦਾ । ਜਿਵੇਂ ਕਿਸਾਨ ਬੀ ਬੀਜਕੇ ਜੇਕਰ ਸੰਘਰਸ਼ ਨ ਕਰੇ ਤਾਂ ਫਲ ਦੀ ਆਸ ਕਿਵੇਂ ਕਰ ਸਕਦਾ ਹੈ । ਇਸੇ ਪ੍ਰਕਾਰ ਧਾਰਮਕ ਕੰਮ ਵੀ ਹਨ । ਇਹਨਾ ਵਿੱਚੋਂ ਹੀ ਮੁਨਾਫ਼ਕ, ਇਹਨਾਂ ਵਿੱਚੋਂ ਹੀ ਨਿਕੰਮੇ, ਇਹਨਾ ਵਿੱਚੋਂ ਹੀ ਨੇਕ, ਇਹਨਾਂ ਵਿੱਚੋਂ ਹੀ ਅਬਦਾਲ, ਵਲੀ ਤੇ ਗ਼ੌਸ ਬਣਦੇ ਹਨ ਅਤੇ ਕਈ ਚਾਲ੍ਹੀ ਚਾਲ੍ਹੀ ਸਾਲ ਤੱਕ ਨਮਾਜ਼ ਪੜ੍ਹਦੇ ਹਨ ਪਰ ਮਨ ਪਹਿਲੇ ਦਿਨ ਜਿਹਾ ਹੀ ਹੈ ਕੋਈ ਤਰੱਕੀ ਨਹੀਂ । ਰਮਜ਼ਾਨ ਦੇ ਤੀਹ ਰੋਜ਼ੇ ਵੀ ਰੱਖ ਲਏ ਤਾਂ ਵੀ ਕੋਈ ਲਾਭ ਨਹੀਂ ਹੋਇਆ । ਬਹੁਤ ਲੋਕ ਕਹਿੰਦੇ ਕਿ ਅਸੀਂ ਬਹੁਤ ਮੁਤੱਕੀ (ਸੰਜੋਗੀ) ਤੇ ਲੰਮੇ ਸਮੇਂ ਤੋਂ ਨਮਾਜ਼ਾਂ ਦੇ ਆਦੀ ਹਨ ਪਰ ਸਾਨੂੰ ਇਲਾਹੀ ਮਦਦ ਨਹੀਂ ਮਿਲਦੀ । ਇਸ ਦਾ ਸਬਬ ਇਹ ਹੈ ਕਿ ਰਸਮੀ ਤੇ ਬਨਾਉਟੀ ਇਬਾਦਤਾਂ ਕਰਦੇ ਹਨ ਤਰੱਕੀ ਦਾ ਕਦੇ ਵੀ ਖ਼ਿਆਲ ਨਹੀਂ ਰਖੱਦੇ । ਪਾਪਾਂ ਤੋਂ ਬਚਣ ਦੀ ਤਾਂਘ ਹੀ ਨਹੀਂ । ਸੱਚੀ ਤੌਬਾ ਦੀ ਮੰਗ ਹੀ ਨਹੀ । ਸੋ, ਉਹ ਪਹਿਲੇ ਕਦਮਾ’ਤੇ ਹੀ ਰਹਿੰਦੇ ਹਨ । ਅਜਿਹੇ ਮਨੁੱਖ ਪਸ਼ੂਆਂ ਤੋਂ ਘੱਟ ਨਹੀਂ ਹਨ । ਅਜਿਹੀਆਂ ਨਮਾਜ਼ਾਂ ਰੱਬ ਵੱਲੋਂ ਪਰਤ ਆਉਂਦੀਆਂ ਹਨ, ਕੁਬੂਲ ਨਹੀਂ ਹੁੰਦੀਆਂ, ਸਗੋਂ ਉਹਨਾ ਦੇ ਮੂੰਹ’ਤੇ ਮਾਰੀਆਂ ਜਾਂਦੀਆਂ ਹਨ । ਨਮਾਜ਼ ਤਾਂ ਉਹ ਹੈ ਜੋ ਆਪਣੇ ਨਾਲ ਤਰੱਕੀ ਲੈਕੇ ਆਵੇ । ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ ਰਸਮੀ ਇਬਾਦਤ ਠੀਕ ਨਹੀਂ ਹੈ ਇਸ ਨੂੰ ਬਦਲਣਾ ਪਏਗਾ । ਸੋਚਣਾ ਪਏਗਾ ਕਿ ਕੀ ਕਾਰਣ ਹੈ ਕਿ ਰੱਬ ਦਾ ਦਾਵਾ ਹੈ ਕਿ ਮੈਂ ਦੁਆ ਕੁਬੂਲ ਕਰਦਾ ਹਾਂ ਅਤੇ ਮੇਰੀਆਂ ਦੁਆਵਾਂ ਕੁਬੂਲ ਨਹੀਂ ਹੋ ਰਹੀਆਂ ਹਨ । ਸੋ, ਇਬਾਦਤ ਉਹੋ ਹੈ ਜਿਸ ਤੋਂ ਰੱਬ ਦੀ ਨੇੜਤਾ ਪ੍ਰਾਪਤ ਹੋਵੇ ।

ਫਿਰ ਨਾਮਜ਼ ਦੀ ਹਕੀਕੀਤ ਬਿਆਨ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਨਾਮਜ਼ ਅਸਲ ਵਿੱਚ ਦੁਆ ਹੈ ਨਮਾਜ਼ ਦਾ ਇਕ ਇਕ ਸ਼ਬਦ ਜੋ ਬੋਲਦਾ ਹੈ ਉਹ ਦੁਆ ਦਾ ਨਿਸ਼ਾਨਾ ਹੁੰਦਾ ਹੈ । ਜੇਕਰ ਨਮਾਜ਼ ਵਿੱਚ ਦਿਲ ਨ ਲੱਗੇ, ਅਜ਼ਾਬ ਲਈ ਤਿਆਰ ਰਹੇ ਕਿਉਂਕਿ ਜੋ ਵਿਅਕਤੀ ਦੁਆ ਨਹੀਂ ਕਰਦਾ ਉਹ ਸਿਵਾਏ ਇਸਦੇ ਕਿ ਹਲਾਕਤ ਦੇ ਨੇੜੇ ਆ ਜਾਂਦਾ ਹੈ, ਹੋਰ ਕੀ ਹੈ । ਰੱਬ ਤਾਂ ਹਰ ਸਮੇਂ ਮਨੁੱਖ ਨੂੰ ਅਰਾਮ ਦੇਣ ਲਈ ਤਿਆਰ ਹੈ ਬਸ਼ਰਤੇ ਕਿ ਕੋਈ ਬਿਨਤੀ ਕਰੇ । ਦੁਆ ਦੀ ਪਰਵਾਨਗੀ ਲਈ ਜ਼ਰੂਰੀ ਹੈ ਕਿ ਨਾਫ਼ਰਮਾਨੀ ਤੋਂ ਬਾਜ਼ ਰਹੇ ਅਤੇ ਦੁਆ ਵੱਡੇ ਜੋਸ਼ ਨਾਲ ਕਰੇ ਕਿਉਕਿ ਪਥੱਰ’ਤੇ ਪਥੱਰ ਜ਼ੋਰ ਨਾਲ ਪੈਂਦਾ ਹੈ ਤਾਂ ਅੱਗ ਪੈਦਾ ਹੁੰਦੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਜੱਦ ਇਹ ਹਾਲਤ ਅਸੀਂ ਆਪਣੇ ਅੰਦਰ ਪੈਦਾ ਕਰ ਲਈਏ ਕਿ ਸਾਡੀਆਂ ਨਾਮਜ਼ਾਂ ਵੀ ਅਤੇ ਸਾਡੇ ਅਮਲ ਵੀ ਰੱਬ ਦੀ ਰਜ਼ਾ ਹਾਸਲ ਕਰਨ ਲਈ ਹੋ ਜਾਣ ਤਾਂ ਫਿਰ ਰੱਬ ਵੀ ਸਾਡੇ ਖ਼ੌਫ਼ਾਂ ਨੂੰ ਅਮਲ ਵਿੱਚ ਬਦਲਦਾ ਜਾਵੇਗਾ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦਾ ਇਹ ਫ਼ਰਮਾਨ ਸਾਨੂੰ ਹਰ ਸਮੇਂ ਸਾਹਣੇ ਰਖੱਣਾ ਚਾਹੀਦਾ ਹੈ ਕਿ ਕੁਫ਼ਰ ਅਤੇ ਇਮਾਨ ਵਿੱਚਕਾਰ ਅੰਤਰ ਕਰਨ ਵਾਲੀ ਚੀਜ਼ ਨਮਾਜ਼ ਦਾ ਛਡੱਣਾ ਹੈ । ਸੋ, ਸਾਨੂੰ ਇਹ ਫ਼ਰਮਾਨ ਹਿਲਾ ਦੇਣ ਵਾਲਾ ਹੋਣਾ ਚਾਹੀਦਾ ਹੈ ਕਿ ਮੋਮਿਨ ਉਹ ਹੈ ਜੋ ਨਮਾਜ਼ਾਂ ਵਿੱਚ ਬਕਾਇਦਾ ਹੈ ਨਹੀਂ ਤਾਂ ਉਸ ਵਿੱਚ ਅਤੇ ਇਕ ਕਾਫ਼ਰ ਵਿੱਚ ਕੋਈ ਅੰਤਰ ਨਹੀਂ ਹੈ । ਸੋ, ਜੇਕਰ ਅਸੀਂ ਮਸਜਿਦਾਂ ਬਣਾਈਆਂ ਹਨ ਤਾਂ ਮਸਜਿਦਾਂ ਦੇ ਹੱਕ ਵੀ ਪੂਰੇ ਕਰਨੇ ਹਨ । ਆਪਣੀਆਂ ਇਬਾਦਤਾਂ ਦੇ ਮਿਆਰ ਬੁਲੰਦ ਕਰਨ ਦੀ ਲੋੜ ਹੈ । ਆਪਣੀਆਂ ਆਰਥਕ ਕੁਰਬਾਨੀਆਂ ਵੱਲ ਵੀ ਧਿਆਨ ਦੇਣ ਦੀ ਲੋੜ ਹੈ । ਆਪ ਨੇਕੀਆਂ ਕਰਨ ਅਤੇ ਆਪਣੇ ਆਚਰਣ ਬੁਲੰਦ ਕਰਨ ਅਤੇ ਹੋਰਨਾ ਨੂੰ ਨੇਕੀਆਂ ਕਰਨ ਦੀ ਤਲਕੀਨ ਕਰਨ ਦੀ ਲੋੜ ਹੈ । ਆਪ ਇੱਥੋਂ ਦੇ ਵਾਤਾਵਰਣ ਦੀਆਂ ਬੁਰਾਈਆਂ ਤੋਂ ਬਚਣ ਤੇ ਹੋਰਨਾ ਨੂੰ ਬਚਾਉਣ ਦੀ ਲੋੜ ਹੈ । ਵਰਨਾ ਸਾਡਾ ਬੈਅਤ ਦਾ ਪ੍ਰਣ ਵੀ ਕੇਵਲ ਸ਼ਾਬਦਕ ਬੈਅਤ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਤੁਸੀਂ ਅਜਿਹੇ ਹੋ ਜਾਓ ਕਿ ਰੱਬ ਦੇ ਇਰਾਦੇ ਤੁਹਾਡੇ ਇਰਾਦੇ ਹੋ ਜਾਣ, ਉਸੇ ਦੀ ਰਜ਼ਾ ਵਿੱਚ ਰਾਜ਼ੀ ਹੋਵੋ । ਆਪਣਾ ਕੁਝ ਵੀ ਨ ਹੋਵੇ, ਸਭ ਕੁਝ ਉਸ ਦਾ ਹੋ ਜਾਵੇ ਸਫ਼ਾਈ ਦੇ ਇਹੋ ਅਰਥ ਹੈ ਕਿ ਦਿਲ ਤੋਂ ਰੱਬ ਦੀ ਅਮਲੀ ਅਤੇ ਵਿਸ਼ਵਸਨੀ ਵਿਰੋਧਤਾ ਤਿਆਗ ਦਿੱਤੀ ਜਾਵੇ । ਰੱਬ ਕਿਸੇ ਦੀ ਸਹਾਇਤਾ ਨਹੀਂ ਕਰਦਾ ਜੱਦ ਤੱਕ ਉਹ ਆਪ ਨਹੀਂ ਦੇਖਦਾ ਕਿ ਉਸ ਦਾ ਇਰਾਦਾ ਮੇਰੇ ਇਰਾਦੇ ਅਤੇ ਉਸ ਦੀ ਮਰਜ਼ੀ ਮੇਰੀ ਰਜ਼ਾ ਵਿੱਚ ਫ਼ਨਾ ਹੋਣ ਦੀ ਨਹੀਂ ਹੈ । ਫ਼ਰਮਾਇਆ ਮੈਂ ਜਮਾਤ ਦੀ ਅਧਿਕਤਾ ਤੋਂ ਕਦੇ ਖ਼ੁਸ਼ ਨਹੀਂ ਹੁੰਦਾ ਸਗੋਂ ਜਮਾਤ ਹੀਕੀਕੀ ਰੂਪ ਵਿਚ ਜਮਾਤ ਅਖਵਾਉਣ ਦੇ ਯੋਗ ਹੋ ਸਕਦੀ ਹੈ ਕਿ ਬੈਅਤ ਦੀ ਹਕੀਕਤ (ਸਚੱਾਈ) ਉਪੱਰ ਕਾਰਬੰਦ ਹੋਵੇ । ਸੱਚੇ ਤੌਰ'ਤੇ ਉਹਨਾ ਵਿੱਚ ਪਾਕ ਤਬਦੀਲੀ ਪੈਦਾ ਹੋ ਜਾਵੇ ਅਤੇ ਉਹਨਾ ਦਾ ਜੀਵਨ ਪਾਪਾਂ ਦੀ ਗੰਦਗੀ ਤੋਂ ਪੂਰਨਤਾ ਪਾਕ ਹੋ ਜਾਵੇ । ਰੱਬ ਅਤੇ ਰੱਬ ਦੀ ਮਖ਼ਲੂਕ ਦੇ ਹੱਕ ਖੁੱਲੇ ਦਿਲ ਨਾਲ ਪੂਰਨ ਤੇ ਕਾਮਲ ਤਰੀਕੇ ਨਾਲ ਪੂਰਾ ਕਰਨ । ਧਰਮ ਲਈ ਅਤੇ ਧਰਮ ਦੇ ਪ੍ਰਸਾਰ ਲਈ ਉਹਨਾ ਵਿੱਚ ਇਹ ਤੜਪ (ਲਗਨ) ਪੈਦਾ ਹੋ ਜਾਵੇ । ਆਪਣੀਆਂ ਇਛੱਾਵਾਂ ਅਤੇ ਨਿਸ਼ਚਿਆਂ ਨੂੰ ਫ਼ਨਾ ਕਰਕੇ ਰੱਬ ਦੇ ਬਣ ਜਾਣ । ਨਿਸ਼ਚੇ ਜਾਣੋ ਕਿ ਜਮਾਤ ਦੇ ਲੋਕਾਂ ਵਿੱਚ ਅਤੇ ਉਹਨਾ ਦੇ ਗ਼ੈਰਾਂ ਵਿੱਚ ਜੇਕਰ ਕੋਈ ਵਿਸ਼ੇਸ਼ ਅੰਤਰ ਨਹੀਂ ਹੈ ਤਾਂ ਰੱਬ ਕਿਸੇ ਦਾ ਰਿਸ਼ਤੇਦਾਰ ਤਾਂ ਨਹੀਂ ਹੈ । ਫ਼ਰਮਾਇਆ ਕਿ

إِنَّمَا يَتَقَبَّلُ اللّٰهُ مِنَ الْمُتَّقِيْنَ

ਕਿ ਮੁਤੱਕੀ ਉਹੋ ਹਨ ਕਿ ਰੱਬ ਤੋਂ ਡਰਕੇ ਅਜਿਹੀਆਂ ਗਲੱਾਂ ਨੂੰ ਤਿਆਗ ਦਿੰਦੇ ਹਨ ਜੋ ਇਲਾਹੀ ਮਨਸ਼ਾ (ਚੇਤਨਾ) ਦੇ ਵਿਰੁਧ ਹਨ । ਦੁਆ ਵਿੱਚ ਵੀ ਜੱਦ ਤੱਕ ਸੱਚੀ ਤੜਪ ਅਤੇ ਵਿਸ਼ੇਸ਼ ਚਿੰਤਾ ਪੈਦਾ ਨ ਹੋਵੇ ਤੱਦ ਤੱਕ ਉਹ ਬਿਲਕੁਲ ਬੇ ਅਸਰ, ਪ੍ਰਭਾਵਹੀਨ ਤੇ ਵਿਅਰਥ ਕੰਮ ਹੈ ਪਰਵਾਨਗੀ ਲਈ ਤੜਪ ਤੇ ਬੇਚੈਨੀ ਸ਼ਰਤ ਹੈ ਜਿਵੇਂ ਕਿ ਫ਼ਰਮਾਇਆ :

أَمَّنْ يُّجِيْبُ الْمُضْطَرَّ إِذَا دَعَاهُ وَيَكْشِفُ السُّوْٓءَ

ਅਰਥਾਤ ਕੌਣ ਕਿਸੇ ਬੇਕਸ (ਬੇ ਸਹਾਰਾ) ਦੀ ਦੁਆ ਸੁਣਦਾ ਹੈ ਜੱਦ ਉਹ ਰੱਬ ਤੋਂ ਦੁਆ ਕਰਦਾ ਹੈ ਅਤੇ ਉਹ ਉਸਦੀ ਦੁੱਖ ਨੂੰ ਦੂਰ ਕਰ ਦਿੰਦਾ ਹੈ ।

ਫਿਰ ਫ਼ਰਮਾਉਂਦੇ ਹਨ ਕਿ ਪਤਨੀ ਤੇ ਬੱਚਿਆਂ ਦੀ ਤਰਬੀਯਤ ਕਰਨਾ ਵੀ ਤੁਹਾਡਾ ਫ਼ਰਜ਼ ਹੈ । ਫ਼ਰਮਾਇਆ ਰੱਬ ਦੀ ਸਹਾਇਤਾ ਉਹਨਾਂ ਦੇ ਨਾਲ ਹੀ ਹੁੰਦੀ ਹੈ ਜੋ ਹਮੇਸ਼ਾ ਨੇਕੀ ਵਿੱਚ ਅੱਗੇ ਹੀ ਅੱਗੇ ਕਦਮ ਰਖੱਦੇ ਹਨ । ਅਲੱਾਹ ਤਆਲਾ ਨੇ ਕੁਰਆਨ ਸ਼ਰੀਫ਼ ਵਿੱਚ ਇਹ ਦੁਆ ਸਿਖਾਈ ਹੈ

وَاَصۡلِحۡ لِیۡ فِیۡ ذُرِّیَّتِیۡ

ਕਿ ਮੇਰੀ ਪਤਨੀ ਤੇ ਬੱਚਿਆਂ ਦਾ ਸੁਧਾਰ ਕਰ ਆਪਣੀ ਹਾਲਤ ਦੀ ਪਾਕ ਤਬਦੀਲੀ ਅਤੇ ਦੁਆਵਾਂ ਦੇ ਨਾਲ ਨਾਲ ਆਪਣੀ ਸੰਤਾਨ ਅਤੇ ਪਤਨੀ ਵਾਸਤੇ ਵੀ ਦੁਆ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ ਅਧਿਕਤਰ ਫ਼ਿਤਨੇ ਸੰਤਾਨ ਕਰਕੇ ਮਨੁੱਖ ਨੂੰ ਪੈ ਜਾਂਦੇ ਹਨ ਅਤੇ ਅਧਿਕਤਰ ਪਤਨੀਆਂ ਕਰਕੇ ਵੀ । ਤਾਂ ਇਹਨਾ ਦੀ ਇਸਲਾਹ (ਸੁਧਾਰ) ਵੱਲ ਵੀ ਪੂਰਾ ਧਿਆਨ ਕਰਨਾ ਚਾਹੀਦਾ ਹੈ ਅਤੇ ਇਹਨਾ ਲਈ ਵੀ ਦੁਆਵਾਂ ਕਰਦੇ ਰਹਿਣਾ ਚਾਹੀਦਾ ਹੈ ।

ਅਲੱਾਹ ਤਆਲਾ ਸਾਨੂੰ ਤੌਫ਼ੀਕ ਪ੍ਰਦਾਨ ਕਰੇ ਕਿ ਅਸੀਂ ਆਪਣੀਆਂ ਹਾਲਤਾਂ ਵਿੱਚ ਪਾਕ ਤਬਦੀਲੀਆਂ ਪੈਦਾ ਕਰਨ ਵਾਲੇ ਹੋਈਏ । ਆਪਣੀਆਂ ਨਮਾਜ਼ਾਂ ਨੂੰ ਕਾਇਮ ਕਰਕੇ ਫਿਰ ਉਹਨਾ ਨੂੰ ਉਤੱਮ ਮਿਆਰ ਤੱਕ ਲੈ ਜਾਣ ਵਾਲੇ ਹੋਈਏ ਆਪਣੇ ਧਨਮਾਲ ਨੂੰ ਵੀ ਪਾਕ ਕਰਨ ਵਾਲੇ ਹੋਈਏ ਆਪਣੇ ਅਖ਼ਲਾਕ ਆਲਾ ਤੇ ਉਤੱਮ ਕਰਨ ਵਾਲੇ ਹੋਈਏ ਨੇਕੀਆਂ ਨੂੰ ਕਰਨ ਵਾਲੇ ਅਤੇ ਫੈਲਾਉਣ ਵਾਲੇ ਹੋਈਏ । ਬੁਰਾਈਆਂ ਤੋਂ ਰੁਕਣ ਵਾਲੇ ਅਤੇ ਬੁਰਾਈਆਂ ਤੋਂ ਆਪਣੀ ਨਸਲ ਨੂੰ ਰੋਕਣ ਵਾਲੇ ਵੀ ਹੋਈਏ । ਮਸਜਿਦਾਂ ਦੀ ਉਸਾਰੀ ਦੇ ਨਾਲ ਨਾਲ ਇਸਲਾਮ ਦਾ ਹਕੀਕੀ ਸੰਦੇਸ਼ ਇਸ ਦੇਸ਼ ਦੇ ਸ਼ਹਿਰੀਆਂ ਤੱਕ ਪਹੁੰਚਾਉਣ ਵਾਲੇ ਹੋਈਏ ਅਤੇ ਉਹਨਾਂ ਨੂੰ ਇੱਕੋ ਇਕ ਰੱਬ ਦੀ ਇਬਾਦਤ ਕਰਨ ਵਾਲੇ ਬਨਾਉਣ ਵਾਲੇ ਹੋਈਏ ਅਤੇ ਇਹ ਇਸੇ ਅਵਸਥਾ ਵਿੱਚ ਹੋ ਸਕਦਾ ਹੈ ਕਿ ਜੱਦ ਅਸੀਂ ਆਪਣੇ ਅੰਦਰ ਵੀ ਪਾਕ ਤੇ ਉਚੱਤਮ ਤਬਦੀਲੀਆਂ ਪੈਦਾ ਕਰੀਏ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ । ਆਮੀਨ

**Khulasa Khutba Jumma 25.10.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131